# आज दर तेरे ते सतगुरु अलख जगा बैठा

ਅੱਜ ਦਰ ਤੇਰੇ ਤੇ

ਅੱਜ, ਦਰ ਤੇਰੇ ਤੇ, ਸਤਿਗੁਰੂ ਅਲਖ ਜਗਾ ਬੈਠਾ।
ਅੱਜ, ਦਰ ਤੇਰੇ ਤੇ, ਬਾਬਾ ਅਲਖ ਜਗਾ ਬੈਠਾ।
ਮੈਂ, ਛੱਡ ਕੇ ਦੁਨੀਆਂ ਸਾਰੀ, ਤੇਰੇ ਦਰ ਆ ਬੈਠਾ॥-2

ਮੈਂ, ਬਹੁਤ ਗਰੀਬ ਹਾਂ ਦਾਤਾ, ਕੁਝ ਆਸ ਨਾ ਰੱਖੀ ਮੈਥੋਂ।-2
ਮੈਂ, ਆਸ਼ਾ ਲੈ ਕੇ ਆਇਆ, ਕੁਝ ਲੈ ਕੇ ਜਾਣਾ ਤੈਥੋਂ।
^ਮੁਖ ਮੋੜ੍ਹੀ ਨਾ, ਦਿਲ ਤੋੜ੍ਹੀ ਨਾ।
ਤੈਨੂੰ, ਲੱਭਦਾ ਲੱਭਦਾ, ਆਪਣੀ ਹੋਂਦ ਗਵਾ ਬੈਠਾ।
ਮੈਂ, ਛੱਡ ਕੇ ਦੁਨੀਆਂ ਸਾਰੀ, ਤੇਰੇ ਦਰ ਆ ਬੈਠਾ॥
ਅੱਜ, ਦਰ ਤੇਰੇ ਤੇ, ਸਤਿਗੁਰੂ ਅਲਖ...

ਮੈਨੂੰ, ਸਭ ਨੇ ਲਾਏ ਲਾਰੇ, ਪਰ ਕੋਈ ਨਾ ਬਣਿਆ ਮੇਰਾ।-2
ਅੱਜ, ਦਰ ਤੇਰੇ ਤੇ ਆਇਆ, ਬਸ ਹੋ ਕੇ ਰਹਿਣਾ ਤੇਰਾ।
ਮਜ਼ਬੂਰ ਹੋਇਆ, ਦਿਲ ਚੂਰ ਹੋਇਆ
ਤੈਨੂੰ, ਲੱਭਦਾ ਲੱਭਦਾ, ਆਪਣਾ ਆਪ ਗਵਾ ਬੈਠਾ।
ਮੈਂ, ਛੱਡ ਕੇ ਦੁਨੀਆਂ ਸਾਰੀ, ਤੇਰੇ ਦਰ ਆ ਬੈਠਾ॥
ਅੱਜ, ਦਰ ਤੇਰੇ ਤੇ, ਸਤਿਗੁਰੂ ਅਲਖ...

ਹੈ, ਮਤਲਬ ਦੀ ਸਭ ਦੁਨੀਆਂ, ਮਤਲਬ ਦੇ ਰਿਸ਼ਤੇ ਨਾਤੇ।-2
ਮੈਨੂੰ, ਸਤਿਗੁਰੂ ਹੋਸ਼ ਹੈ ਆਇਆ, ਅੱਜ ਦਰ ਤੇਰੇ ਤੇ ਆ ਕੇ।
ਮੁਖ ਮੋੜ੍ਹੀ ਨਾ, ਦਿਲ ਤੋੜ੍ਹੀ ਨਾ।
ਤੈਨੂੰ, ਲੱਭਦਾ ਲੱਭਦਾ, ਆਪਣੀ ਹੋਸ਼ ਗਵਾ ਬੈਠਾ।
ਮੈਂ, ਛੱਡ ਕੇ ਦੁਨੀਆਂ ਸਾਰੀ, ਤੇਰੇ ਦਰ ਆ ਬੈਠਾ।
ਅੱਜ, ਦਰ ਤੇਰੇ ਤੇ, ਸਤਿਗੁਰੂ ਅਲਖ....

https://bhajanganga.com/bhajan/lyrics/id/33177/title/aaj-dar-tere-te-satguru-alakh-jgaa-baita

अपने Android मोबाइल पर BhajanGanga App डाउनलोड करें और भजनों का आनंद ले |